23

# ''ਕਿਆਮਤ ਮੈਂ ਹਾਂ''

## (11:1-44)

ਪਤਾ ਨਹੀਂ ਯਿਰਮਿਯਾਹ ਕਿਵੇਂ ਪ੍ਰਚਾਰ ਕਰ ਰਿਹਾ ਸੀ! ਪਰ ਪੁਰਾਣੇ ਨੇਮ ਦੇ ਇਸ ਨਬੀ ਨੇ ਜਿਨੀ ਵਾਰ ਵੀ ਪ੍ਰਚਾਰ ਕੀਤਾ, ਤਕਰੀਬਨ ਓਨੀ ਹੀ ਵਾਰ ਉਸ ਦੀ ਮੰਡਲੀ ਛੋਟੀ ਹੁੰਦੀ ਗਈ। ਉਸ ਸਮੇਂ ਦੇ ਕਾਰਣ ਜਿਸ ਵਿਚ ਉਹ ਰਹਿੰਦਾ ਸੀ ਉਹ ਸੱਚਾਈ ਜਿਸ ਦਾ ਪ੍ਰਚਾਰ ਕਰਨ ਲਈ ਉਸ ਨੂੰ ਬੁਲਾਇਆ ਗਿਆ ਸੀ, ਤਕਰੀਬਨ ਪੂਰੀ ਦੀ ਪੂਰੀ ਬੁਰੀ ਖ਼ਬਰ ਸੀ। ਇਸਰਾਏਲ ਵਿਚ ਬੁਰਾਈ ਬਹੁਤ ਵਧ ਚੁਕੀ ਸੀ ਅਤੇ ਖ਼ੁਦਾ ਨੇ ਉਨ੍ਹਾਂ ਨੂੰ ਬਾਬੁਲ ਵਿਚ ਗ਼ੁਲਾਮੀ ਵਿਚ ਭੇਜਣ ਦਾ ਫ਼ੈਸਲਾ ਲੈ ਲਿਆ ਸੀ। ਇਸਰਾਏਲ ਲਈ ਯਿਰਮਿਯਾਹ ਦਾ ਸੰਦੇਸ਼ ''ਆਪਣੀ ਦਵਾਈ ਲੈ ਕੇ'' ਚੁੱਪ ਕਰਕੇ ਨਿਆਂ ਨੂੰ ਮੰਨ ਲੈਣਾ ਸੀ। ਇਸ ਲਈ ਉਸ ਤੋਂ ਨਫ਼ਰਤ ਕਰਦੇ ਸਨ ਅਤੇ ਚਾਹੁੰਦੇ ਸਨ ਕਿ ਕਾਸ਼ ਉਹਦੀ ਮੌਤ ਹੋ ਜਾਏ।

### ਬੁਰੀ ਖਬਰ

ਯੂਹੰਨਾ 11 ਅਧਿਆਇ ਤੋਂ ਅਰੰਭ ਕਰਦੇ ਹੋਏ ਇਹ ਅਧਿਐਨ ਅੱਜ ਦੇ ਪ੍ਰਚਾਰਕ ਨੂੰ ਯਿਰਮਿਯਾਹ ਵਰਗਾ ਹੀ ਅਹਿਸਾਸ ਕਰਾਉਂਦਾ ਹੈ। ਇਸ ਪੈਰ੍ਹੇ ਦੇ ਅਨੋਖੇ ਢੰਗ ਨਾਲ ਕੁਝ ਚੰਗੀ ਖ਼ਬਰ ਤਾਂ ਹੈ, ਪਰ ਇਸ ਵਿਚ ਇਕ ਜ਼ਰੂਰੀ ਗੱਲ ਦੱਸੀ ਗਈ ਹੈ ਕਿ ਅਸੀਂ ਪਹਿਲਾਂ ਕੁਝ ਅਜਿਹੀ ਗੱਲ ਦਾ ਸਾਹਮਣਾ ਕਰੀਏ ਜਿਸਦਾ ਸਾਹਮਣਾ ਸ਼ਾਇਦ ਅਸੀਂ ਨਾ ਕਰਨਾ ਚਾਹੁੰਦੇ ਹੋਈਏ। ਤਕਲੀਫ਼ਦੇਹ ਸੱਚਾਈ ਇਹ ਹੈ ਕਿ ਸਾਡੀ ਸਭ ਦੀ ਮੌਤ ਹੋਵੇਗੀ। ਇਹ ਜ਼ਿੰਦਗੀ ਨਾਸ਼ਵਾਨ ਹੈ। ਅੱਜ ਅਸੀਂ ਭਾਵੇਂ ਜਵਾਨ ਹੱਟੇ ਕੱਟੇ ਅਤੇ ਤੰਦਰੁਸਤ ਹੋਈਏ, ਪਰ ਸਾਨੂੰ ਇਕ ਦਿਨ ਜ਼ਰੂਰ ਮਰਨਾ ਪਵੇਗਾ। ਉਹ ਦਿਨ ਅੱਜ ਜਾਂ ਕੱਲ੍ਹ ਜਾਂ ਅੱਸੀ ਸਾਲ ਬਾਅਦ ਵੀ ਆ ਸਕਦਾ ਹੈ, ਪਰ ਇਹ ਪੱਕਾ ਹੈ ਕਿ ਅਸੀਂ ਮਰਾਂਗੇ ਜ਼ਰੂਰ।

ਅਸੀਂ ਇਸ ਭਿਆਨਕ ਸੱਚਾਈ ਦਾ ਸਾਹਮਣਾ ਕਰਨੋਂ ਬਚਣ ਲਈ ਕਈ ਤਰ੍ਹਾਂ ਦੇ ਬਚਾਅ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਆਪਣੇ ਆਪ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜੇ ਅਸੀਂ ਵੱਧ ਤੋਂ ਵੱਧ ਕਸਰਤ ਕਰੀਏ, ਸਹੀ ਖਾਣਾ ਖਾਈਏ, ਕਾਰ ਵਿਚ ਬੈਠਣ ਵੇਲੇ ਸੀਟ-ਬੈਲਟ ਬੰਨ੍ਹੀਏ, ਸ਼ੁੱਧ ਪਾਣੀ ਪੀਈਏ ਅਤੇ ਬਾਹਰ ਜਾਂਦੇ ਸਮੇਂ ਧੁੱਪ ਦੀ ਐਨਕ ਲਾਈਏ ਤਾਂ ਮੌਤ ਤੋਂ ਬਚ ਸਕਦੇ ਹਾਂ ਅਖ਼ੀਰ ਵਿਚ ਇਸ ਸੱਚਾਈ ਤੋਂ ਕੋਈ ਨਹੀਂ ਬਚ ਸਕਦਾ ਕਿ ਇਸ ਸੰਸਾਰ ਵਿਚ ਮੌਤ ਦੀ ਦਰ 100 ਫ਼ੀਸਦੀ ਹੈ!

ਤੁਸੀਂ ਸੋਚ ਰਹੇ ਹੋਵੋਗੇ, ''ਅੱਜ ਮੈਂ ਇਹ ਸੁਣਨਾ ਨਹੀਂ ਚਾਹੁੰਦਾ! ਹਫ਼ਤਾ ਭਰ ਮੈਂ ਬਹੁਤ ਪਰੇਸ਼ਾਨੀ ਵਿਚ ਰਿਹਾ ਹਾਂ ਅਤੇ ਹੁਣ ਮੈਨੂੰ ਯਾਦ ਕਰਵਾਇਆ ਜਾ ਰਿਹਾ ਹੈ ਕਿ ਮੈਂ ਮਰ ਜਾਵਾਂਗਾ!'' ਜੇ ਇੰਜੀਲ ਵਿਚ ਇਸ ਸਵਾਲ ਦਾ ਜਵਾਬ ਨਾ ਦਿੱਤਾ ਗਿਆ ਹੁੰਦਾ ਤਾਂ ਮੈਂ ਇਸ ਤਕਲੀਫ਼ਦੇਹ, ਨਿਰਾਸ਼ ਕਰਨ ਵਾਲੇ ਵਿਸ਼ੇ ਤੇ ਗੱਲ ਹੀ ਨਾ ਕਰਦਾ। ਯੂਹੰਨਾ 11 ਅਧਿਆਇ ਦੀ ਸ਼ਾਨਦਾਰ ਕਹਾਣੀ ਵਿਚ, ਯਿਸੂ ਹਰ ਯੁੱਗ ਦੇ ਲੋਕਾਂ ਵਿਚ ਐਲਾਨ ਕਰਦਾ ਹੈ, ''ਜੀ

ਉੱਠਣ ਅਤੇ ਜ਼ਿੰਦਗੀ ਮੈਂ ਹਾਂ।'' ਇਹ ਬਹੁਤ ਚੰਗੀ ਖ਼ਬਰ ਹੈ, ਪਰ ਸਾਨੂੰ ਇਸਦੀ ਅਹਿਮੀਅਤ ਨੂੰ ਜਾਣਨ ਲਈ ਪਹਿਲਾਂ ਬੁਰੀ ਖ਼ਬਰ ਨੂੰ ਸਮਝਣਾ ਵੀ ਜ਼ਰੂਰੀ ਹੈ।

ਯਿਸੂ ਅਤੇ ਉਸਦੇ ਚੇਲੇ ਯਰਦਨ ਦਰਿਆ ਪਾਰ ਕਰਕੇ ਯਹੂਦੀਆ ਵਿਚ ਚਲੇ ਗਏ ਜਿੱਥੇ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਪ੍ਰਚਾਰ ਕੀਤਾ ਸੀ (10:40)। ਇਕ ਦਿਨ ਖ਼ਬਰ ਮਿਲੀ ਕਿ ਬੈਤਨੀਆ ਵਾਸੀ ਲਾਜ਼ਰ ਬੀਮਾਰ ਹੋ ਗਿਆ ਹੈ (11:1)। ਲਾਜ਼ਰ ਅਤੇ ਉਹਦੀਆਂ ਭੈਣਾਂ ਮਰੀਅਮ ਅਤੇ ਮਾਰਥਾ, ਯਿਸੂ ਦੇ ਚੰਗੇ ਦੋਸਤ ਸਨ, ਇਸ ਲਈ ਸਭ ਨੂੰ ਲੱਗਾ ਕਿ ਯਿਸੂ ਫ਼ੌਰਨ ਬੈਤਨੀਆ ਵਿਚ ਚਲਿਆ ਜਾਏਗਾ। ਪਰ ਕੁਝ ਕਾਰਣਾਂ ਕਰਕੇ ਜਿਨ੍ਹਾਂ ਨੂੰ ਉਸ ਸਮੇਂ ਸਿਰਫ਼ ਯਿਸੂ ਹੀ ਜਾਣਦਾ ਸੀ, ਉਹ ਜਿੱਥੇ ਸੀ ਉੱਥੇ ਹੀ ਦੋ ਦਿਨ ਹੋਰ ਰੁਕਿਆ ਰਿਹਾ। ਅਖ਼ੀਰ ਇਹ ਜਾਣ ਕੇ ਕਿ ਲਾਜ਼ਰ ਮਰ ਗਿਆ ਹੈ, ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਹੁਣ ਜਾ ਕੇ ਬੀਮਾਰ ਦੋਸਤ ਨੂੰ ਵੇਖਣਾ ਚਾਹੀਦਾ ਹੈ। ਪਹਿਲਾਂ ਤਾਂ ਉਨ੍ਹਾਂ ਇਸ ਗੱਲ ਤੇ ਨਰਾਜ਼ਗੀ ਜਤਾਈ ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਦੇ ਯਰੂਸ਼ਲਮ ਦੇ ਨੇੜੇ ਦੁਬਾਰਾ ਜਾਣ ਤੇ ਸਤਾਅ ਅਤੇ ਮੌਤ ਉਨ੍ਹਾਂ ਦੀ ਉਡੀਕ ਕਰ ਰਹੀ ਹੋਵੇਗੀ ਅਤੇ ਬੈਤਨੀਆ ਸਿਰਫ਼ ਉਨ੍ਹਾਂ ਤੋਂ ਦੋ ਹੀ ਮੀਲ ਦੂਰ ਸੀ (11:18)। ਪਰ ਜਦ ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਲਾਜ਼ਰ ਮਰ ਗਿਆ ਹੈ, ਤਾਂ ਉਹ ਨਾ ਚਾਹੁੰਦੇ ਹੋਏ ਵੀ ਜਾਣ ਲਈ ਰਾਜ਼ੀ ਹੋ ਗਏ। ਥੋਮਾ ਨੇ ਕਿਹਾ, ''ਮਰਨ ਨੂੰ ਚੱਲੀਏ'' (11:16)।

ਯਿਸੂ ਦੇ ਪਿੰਡ ਦੇ ਨੇੜੇ ਪਹੁੰਚਣ ਤੇ, ਪਰ ਫਿਰਨੀ ਵਿਚ ਵੜਨ ਤੋਂ ਪਹਿਲਾਂ ਹੀ (11:30), ਜਦ ਮਾਰਥਾ ਨੇ ਸੁਣਿਆ ਕਿ ਉਹ ਆ ਰਿਹਾ ਹੈ ਤਾਂ ਉਹ ਉਸ ਨੂੰ ਮਿਲਣ ਲਈ ਦੌੜ ਗਈ। ਉਹ ਕਹਿਣ ਲੱਗੀ, ''ਪ੍ਰਭੂ ਜੀ, ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ'' (11:21)। ਹਰ ਕੋਈ ਮੌਤ ਅੱਗੇ ਲਚਾਰ ਹੋਣ ਦੀ ਮਾਰਥਾ ਦੀਆਂ ਭਾਵਨਾਵਾਂ ਨਾਲ ਆਪਣੇ ਆਪ ਨੂੰ ਜੋੜ ਸਕਦਾ ਹੈ। ਕਿਸੇ ਦਾ ਜਨਾਜ਼ਾ ਸਾਨੂੰ ਇਹ ਯਾਦ ਦੁਆਉਣ ਦਾ ਇਕ ਜ਼ਰੀਆ ਹੈ ਕਿ ਸਾਡੀ ਭਰਪੂਰ ਕੋਸ਼ਿਸ਼ ਵੀ ਸਾਨੂੰ ਮੌਤ ਦੇ ਜ਼ਾਲਮ ਪੰਜੇ ਤੋਂ ਛੁਡਾ ਨਹੀਂ ਛੁਡਾ ਸਕਦੇ।

ਯਿਸੂ ਨੇ ਮਾਰਥਾ ਨੂੰ ਜਵਾਬ ਦਿੱਤਾ, ''ਤੇਰਾ ਭਰਾ ਜੀ ਉਠੇਗਾ'' (11:23)। ਇਹ ਜਾਣਨ ਦਾ ਸਾਡੇ ਕੋਲ਼ ਕੋਈ ਤਰੀਕਾ ਨਹੀਂ ਹੈ ਕਿ ਉਸਨੇ ਇਸ ਵਾਕ ਨੂੰ ਕਿਵੇਂ ਸਮਝਿਆ। ਕੀ ਉਸ ਦੇ ਲਈ ਉਹ ਵਾਕ ਤਕਲੀਫ਼ਦੇਹ ਸੀ? ਕੀ ਉਸ ਨੂੰ ਇਹ ਸ਼ਬਦ ਕਿਸੇ ਮਾਤਮ ਵਾਲੇ ਘਰ ਵਿਚ ਸੁਣਾਈ ਦੇਣ ਬਹੁਤ ਹੀ ਝੂਠੀ ਤਸੱਲੀ ਵਾਂਗ ਲੱਗੇ। ਕੀ ਉਸ ਨੂੰ ਇਹ ਸ਼ਬਦ ਵਿਸ਼ਵਾਸ ਦੀ ਘਾਟ ਲਈ ਡਾਂਟਣ ਵਾਲੇ ਲੱਗੇ? ਯਿਸੂ ਦੇ ਸ਼ਬਦਾਂ ਵਿਚ ਉਸਦੀ ਪਹਿਲੀ ਪ੍ਰਤੀਕਿਰਿਆ ਜੋ ਵੀ ਰਹੀ ਹੋਵੇ, ਪਰ ਉਹ ਨੂੰ ਮਾਰਥਾ ਨੇ ਇਕ ਇਲਾਹੀ ਜਵਾਬ ਦਿੱਤਾ, ''ਮੈਂ ਜਾਣਦੀ ਹਾਂ ਜੋ ਕਿਆਮਤ ਨੂੰ ਅੰਤ ਦੇ ਦਿਨ ਉਹ ਜੀ ਉੱਠੂ'' (11:24)।

## ਚੰਗੀ ਖਬਰ

ਜਿੱਥੇ ਯਿਸੂ ਨੇ ਆਪਣੀ ਪੂਰੀ ਸੇਵਕਾਈ ਦੇ ਸਭ ਤੋਂ ਵੱਧ ਸੰਸਾਰ ਨੂੰ ਬਦਲਣ ਵਾਲੇ ਕੁਝ ਸ਼ਬਦ ਕਹੇ। ਉਸ ਨੇ ਮਾਰਥਾ ਨੂੰ ਕਿਹਾ, ''ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ। ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ'' (11:25, 26)। ਇੱਥੇ ਇਸ ਗੱਲ ਤੇ ਧਿਆਨ ਦੇਣਾ ਜ਼ਰੂਰੀ ਹੈ ਕਿ ਯਿਸੂ ਨੇ ਕੀ ਨਹੀਂ ਕਿਹਾ। ਉਸ ਨੇ ਇਹ ਨਹੀਂ ਕਿਹਾ ਕਿ ''ਮੈਂ ਲਾਜ਼ਰ ਨੂੰ ਜ਼ਿੰਦਾ ਕਰ ਦਿਆਂਗਾ।'' ਉਸ ਨੇ ਇਹ ਨਹੀਂ ਕਿਹਾ ਕਿ

''ਮੈਂ ਜੀ ਉਠਾਂਗਾ।'' ਉਸ ਨੇ ਇਹ ਕਹਿੰਦਿਆਂ ਕਿ ''ਕਿਆਮਤ ਅਤੇ ਜੀਉਣ ਮੈਂ ਹਾਂ'' ਇਨ੍ਹਾਂ ਵਿਚਾਰਾਂ ਤੋਂ ਕਿਤੇ ਵੱਧ ਪਰਗਟ ਕਰ ਦਿੱਤਾ। ਇੱਥੇ ਸਾਨੂੰ ਇੰਜੀਲ ਦੇ ਯੂਹੰਨਾ ਵਿਚ ਇਕ ਹੋਰ ''ਮੈ ਹਾਂ'' ਮਿਲਦਾ ਹੈ। ਯਿਸੂ ਆਪਣੇ ਖ਼ੁਦਾ ਹੋਣ ਦਾ ਇਕ ਹੋਰ ਦਾਅਵਾ ਕਰ ਰਿਹਾ ਸੀ, ਇਸ ਦੇ ਨਾਲ ਹੀ ਉਸ ਵੱਡੇ ਦੁਸ਼ਮਣ ਭਾਵ ਮੌਤ ਨਾਲ ਆਪਣੇ ਸਬੰਧ ਦੀ ਪਰਿਭਾਸ਼ਾ ਵੀ ਦੇ ਰਿਹਾ ਸੀ।

ਆਪਣੇ ਆਪ ਨੂੰ ਕਿਆਮਤ ਹੋਣ ਦਾ ਦਾਅਵਾ ਕਰਕੇ, ਯਿਸੂ ਨਾ ਤਾਂ ਇਹ ਵਾਅਦਾ ਕਰ ਰਿਹਾ ਸੀ ਕਿ ਉਸ ਦੇ ਪੈਰੋਕਾਰਾਂ ਨੂੰ ਕਦੇ ਜਿਸਮਾਨੀ ਮੌਤ ਨਹੀਂ ਆਵੇਗੀ ਅਤੇ ਨਾ ਉਹ ਇਹ ਕਹਿ ਰਿਹਾ ਸੀ ਉਹ ਕਦੇ ਵੀ ਜਿਸਮਾਨੀ ਤੌਰ ਤੇ ਨਹੀਂ ਮਰੇਗਾ। ਇਸਦੇ ਬਜਾਏ, ਉਹ ਦਾਅਵਾ ਕਰ ਰਿਹਾ ਸੀ ਕਿ ਮਰ ਕੇ ਉਹ ਮੌਤ ਦੀ ਸ਼ਕਤੀ ਨੂੰ ਤੋੜਦਾ ਹੋਇਆ ਫੇਰ ਜੀ ਉਠੇਗਾ। ਇਸ ਲਈ ਉਹਦੇ ਚੇਲਿਆਂ ਨੂੰ ਮੌਤ ਨਾਲ ਅਜਿਹਾ ਸਬੰਧ ਬਣਾਉਣ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਲਈ ਕਿਆਮਤ ਇਕ ਮੋਅਜਜ਼ੇ ਭਾਵ ਇਕ ਵਾਰ ਹੋਣ ਵਾਲੀ ਘਟਨਾ ਨਾਲੋਂ ਕਿਤੇ ਵਧ ਭਾਵ ਜ਼ਿੰਦਗੀ ਬਾਰੇ ਇਹ ਇਕ ਨਵੀਂ ਹਕੀਕਤ ਹੋਣੀ ਸੀ।

ਮਾਰਥਾ ਦੇ ਅਗਲੇ ਸ਼ਬਦ ਬਹੁਤ ਵੱਡੇ ਵਿਸ਼ਵਾਸ ਅਤੇ ਰੂਹਾਨੀ ਗੱਲਾਂ ਵਿਚ ਉਸਦੀ ਡੂੰਘੀ ਸਮਝ ਵਿਖਾਉਂਦੇ ਹਨ। ਜਦ ਯਿਸੂ ਨੇ ਪੁੱਛਿਆ ਕਿ ਕੀ ਉਹ ਉਸ ਤੇ ਵਿਸ਼ਵਾਸ ਕਰਦੀ ਹੈ, ਤਾਂ ਉਸ ਨੇ ਜਵਾਬ ਦਿੱਤਾ, ''ਹਾਂ, ਪ੍ਰਭੂ ਮੈਂ ਪਰਤੀਤ ਕੀਤੀ ਹੈ ਜੋ ਤੂੰ ਹੀ ਮਸੀਹ ਹੈਂ, ਪਰਮੇਸ਼ੁਰ ਦਾ ਪੁੱਤਰ ਜਿਹੜਾ ਜਗਤ ਵਿਚ ਆਉਣ ਵਾਲਾ ਸੀ'' (11:27)। ਉਸ ਮੋਅਜਜ਼ੇ ਨੂੰ ਵੇਖਦੇ ਹੋਏ ਜੋ ਹੋਣ ਵਾਲਾ ਸੀ, ਪਹਿਲਾਂ ਹੀ ਮਾਰਥਾ ਨੇ ਉਹ ਵਿਸ਼ਵਾਸ ਵਿਖਾ ਦਿੱਤਾ ਕਿ ਜਿਸ ਲਈ ਯੂਹੰਨਾ ਨੇ ਇੰਜੀਲ ਦਾ ਵਿਰਤਾਂਤ ਲਿਖਿਆ![1]

ਯਿਸੂ ਨੂੰ ਮਿਲਣ ਤੋਂ ਬਾਅਦ, ਮਾਰਥਾ ਆਪਣੀ ਭੈਣ ਨੂੰ ਯਿਸੂ ਦੇ ਆਉਣ ਦੀ ਖ਼ਬਰ ਦੇਣ ਲਈ ਆਪਣੇ ਘਰ ਚਲੀ ਗਈ। ਇਹ ਸੁਣ ਕੇ ਕਿ ਯਿਸੂ ਕਿਤੇ ਕੋਲ਼ ਹੀ ਹੈ, ਮਰੀਅਮ ਉਸਨੂੰ ਮਿਲਣ ਲਈ ਦੌੜ ਗਈ। ਉਸ ਨੇ ਯਿਸੂ ਨੂੰ ਮਿਲ ਕੇ ਉਸਦੇ ਪੈਰੀਂ ਡਿੱਗ ਕੇ ਆਪਣੀ ਭੈਣ ਦੇ ਦਰਦਨਾਕ ਸ਼ਬਦ ਦੁਹਰਾਏ, ''ਪ੍ਰਭੂ ਜੀ ਜੇ ਤੂੰ ਐਥੇ ਹੁੰਦਾ ਤਾਂ ਮੇਰਾ ਭਰਾ ਨਾ ਮਰਦਾ'' (11:32)। ਅਸਾਂ ਸਭਨਾਂ ਨੇ ਮਰੀਅਮ ਵਰਗੀ ਪੀੜ, ਦੁਖ ਕਲੇਸ਼ ਅਤੇ ਪਰੇਸ਼ਾਨੀਆਂ ਤਾਂ ਸਹੀਆਂ ਹੋਣਗੀਆਂ। ਜਿਸ ਕਰਕੇ ਅਸੀਂ ਸਾਰੇ ਯਿਸੂ ਦੇ ਨਾਲ ਲਾਜ਼ਰ ਦੀ ਕਬਰ ਤੇ ਜਾਣ ਨੂੰ ਤਿਆਰ ਹਾਂ।

ਇਸ ਸਭ ਦੇ ਕਾਰਣ ਯਿਸੂ ਨੇ ਉਸ ਦਿਨ ਜੋ ਵੇਖਿਆ ਸੀ, ਉਹਦੇ ਕਰਕੇ ਉਹ ''ਆਤਮਾ ਵਿਚ ਕਲਪਿਆ ਅਤੇ ਘਬਰਾਇਆ'' (11:33)। ਉਸ ਨੇ ਪੁੱਛਿਆ ਕਿ ਉਨ੍ਹਾਂ ਲਾਜ਼ਰ ਨੂੰ ਕਿੱਥੇ ਦਫ਼ਨਾਇਆ ਹੈ। ਜਦ ਉਹ ਕਬਰ ਵੱਲ ਜਾ ਰਹੇ ਸਨ, ਤਾਂ ਯਿਸੂ ਵੀ ਮਾਤਮ ਕਰਨ ਵਾਲਿਆਂ ਨਾਲ ਰੋਣ ਲੱਗਾ, ਉਸਦੇ ਅੱਥਰੂ ਵੀ ਵਗ ਗਏ ਸਨ (11:35)। ਵੇਖਣ ਵਾਲਿਆਂ ਹੈਰਾਨ ਹੋ ਕੇ ਕਿਹਾ ਸੀ, ''ਵੇਖੋ ਇਹ ਉਸ ਨਾਲ ਕੇਡਾ ਹਿਤ ਕਰਦਾ ਸੀ!'' (11:36)।

ਅਸਲ ਵਿਚ ਲਾਜ਼ਰ ਦੀ ਕਬਰ ਇਕ ਗੁਫ਼ਾ ਸੀ ਜਿਸ ਦੇ ਬੂਹੇ ਤੇ ਇਕ ਪੱਥਰ ਰੱਖਿਆ ਗਿਆ ਸੀ'' (11:38)। ਜਦ ਯਿਸੂ ਨੇ ਉਨ੍ਹਾਂ ਨੂੰ ਪੱਥਰ ਹਟਾਉਣ ਲਈ ਕਿਹਾ, ਤਾਂ ਮਾਰਥਾ ਨੇ ਰੋ ਕੇ ਕਿਹਾ ਕਿ ਲਾਜ਼ਰ ਨੂੰ ਮਰੇ ਹੋਏ ਤਾਂ ਚਾਰ ਦਿਨ ਹੋ ਗਏ ਹਨ ਅਤੇ ਹੁਣ ਤਾਂ ਉਸ ਦੀ ਲਾਸ਼ ਵਿੱਚੋਂ ਬੋ ਵੀ ਆਉਣ ਲੱਗੀ ਹੋਵੇਗੀ। ਯਿਸੂ ਨੇ ਉਸ ਨੂੰ ਭਰੋਸਾ ਰੱਖਣ ਲਈ ਕਿਹਾ ਅਤੇ ਪੱਥਰ ਹਟਵਾ ਦਿੱਤਾ (11:39-41)।

ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਦਰਜ ਸਭ ''ਨਿਸ਼ਾਨਾਂ'' ਵਿਚ, ਲਾਜ਼ਰ ਦੀ ਕਬਰ ਤੇ ਹੋਣ ਵਾਲੇ ਨਿਸ਼ਾਨਾਂ ਤੋਂ ਵੱਡਾ ਕੋਈ ਨਿਸ਼ਾਨ ਨਹੀਂ ਸੀ। ਅਧਿਆਇ 11 ਵਿਚ ਤਿੰਨ ਵਾਰ ਯਿਸੂ ਨੇ ਕਿਹਾ ਸੀ ਕਿ ਇਹ ਗੱਲਾਂ ਇਸ ਲਈ ਹੋਈਆਂ ਹਨ ਤਾਂ ਕਿ ਲੋਕ ''ਪਰਮੇਸ਼ੁਰ ਦੀ ਵਡਿਆਈ'' ਨੂੰ ਵੇਖ ਪਾਉਣ (11:4, 15, 40)। ਭਾਵੇਂ ਹਰ ਕਦਮ ਤੇ ਯਿਸੂ ਦੀਆਂ ਸਿੱਖਿਆਵਾਂ ਅਤੇ ਉਸ ਦੇ ਮੋਅਜਜ਼ਿਆਂ ਵਿਚ ਖ਼ੁਦਾ ਦੀ ਵਡਿਆਈ ਵੇਖੀ ਹੈ, ਪਰ ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਵਿਚ ਹੁਣ ਤਕ, ਲਾਜ਼ਰ ਦਾ ਜੀ ਉੱਠਣਾ ਹੀ ਉਹ ਥਾਂ ਹੈ ਜਿੱਥੇ ਖ਼ੁਦਾ ਦੀ ਵਡਿਆਈ ਭਾਵ ਮਸੀਹ ਵਿਚ ਖ਼ੁਦਾ ਦੀ ਮੌਜੂਦਗੀ ਸਭ ਤੋਂ ਵੱਧ ਖਿੱਚ ਭਰੀ ਲੱਗੀ ਹੈ। ਇਹ ਤਾਂ ਇਵੇਂ ਹੈ ਜਿਵੇਂ ਅਸੀਂ ਉਸ ਦੀ ਰੌਸ਼ਨੀ ਤੇਜ ਜਾਂ ਘੱਟ ਹੋ ਸਕਦੀ ਹੈ। ਅਸੀਂ ਇੰਜੀਲ ਦੇ ਇਸ ਵਿਰਤਾਂਤ ਨੂੰ ਸਵਿਚ ਲੱਗੇ ਲੈਂਪ ਨਾਲ ਪੜ੍ਹ ਰਹੇ ਹੋਈਏ ਜਿਸਦੀ ਲੋ ਘੱਟ ਵੱਧ ਕੀਤੀ ਜਾ ਸਕਦੀ ਹੈ। ਅਧਿਆਇ 11 ਵਿਚ ਪਹੁੰਚਣ ਤੇ ਰੌਸ਼ਨੀ ਲਗਭਗ ਚੁੰਨ੍ਹਿਆਂ ਕਰਨ ਵਾਲੀ ਹੋ ਜਾਂਦੀ ਹੈ। ਅਸੀਂ ਪਹਿਲਾਂ ਵੀ ਕਈ ਤਰ੍ਹਾਂ ਨਾਲ ਖ਼ੁਦਾ ਦੀ ਵਡਿਆਈ ਨੂੰ ਵੇਖਿਆ ਹੈ, ਪਰ ਅਗਲੀਆਂ ਕੁਝ ਆਇਤਾਂ ਵਿਚ ਅਸੀਂ ਇਸ ਨੂੰ ਸਭ ਤੋਂ ਵੱਧ ਸ਼ਕਤੀਸ਼ਾਲੀ ਰੂਪ ਵਿਚ ਵੇਖਦੇ ਹਾਂ।

ਮਾਤਮ ਕਰਨ ਵਾਲੇ ਸਭ ਲੋਕਾਂ ਨੇ ਲਾਜ਼ਰ ਦੀ ਕਬਰ ਦੇ ਬਾਹਰ ਉਸ ਪੱਥਰ ਨੂੰ ਹਟਾਏ ਜਾਣ ਨੂੰ ਵੇਖਣ ਦੇ ਇਲਾਵਾ ਯਿਸੂ ਨੂੰ ਆਪਣੀਆਂ ਅੱਖਾਂ ਅਸਮਾਨ ਵੱਲ ਚੁੱਕ ਕੇ ਦੁਆ ਕਰਦੇ ਵੇਖਿਆ (11:41, 42)। ਦੁਆ ਖ਼ਤਮ ਕਰਨ ਦੇ ਬਾਅਦ, ਯਿਸੂ ਨੇ ਜ਼ੋਰ ਨਾਲ ਅਵਾਜ਼ ਦਿੱਤੀ, ''ਲਾਜ਼ਰ, ਬਾਹਰ ਆ!'' (11:43)। ਕਬਰ ਦੇ ਮੂੰਹ ਵੱਲ ਵੇਖ ਕੇ ਹਰ ਕਿਸੇ ਦੀਆਂ ਅੱਖਾਂ ਪਥਰਾ ਗਈਆਂ ਹੋਣਗੀਆਂ। ਜੇ ਕੋਈ ਹਲਚਲ ਨਾ ਹੋਈ ਹੁੰਦੀ, ਤਾਂ ਉਨ੍ਹਾਂ ਨੂੰ ਪਤਾ ਹੋਣਾ ਸੀ ਕਿ ਉਹ ਕਿਸੇ ਪਾਗ਼ਲ ਆਦਮੀ ਕੋਲ਼ ਖੜੇ ਹਨ; ਪਰ ਜੇ ਲਾਜ਼ਰ ਕਬਰ 'ਚੋਂ ਬਾਹਰ ਆ ਜਾਂਦਾ ਹੈ ਤਾਂ ਉਹਨੇ ਸਮਝ ਜਾਣਾ ਸੀ ਕਿ ਉਹ ਕਿਸੇ ਅਜਿਹੇ ਆਦਮੀ ਕੋਲ਼ ਖਲੋਤੇ ਹਨ ਜਿਸ ਵਿਚ ਐਨੀ ਸ਼ਕਤੀ ਸੀ ਜਿੰਨੀ ਉਨ੍ਹਾਂ ਪਹਿਲਾਂ ਕਦੇ ਨਹੀਂ ਸੀ ਵੇਖੀ।

ਲਾਜ਼ਰ, ''ਜੋ ਮਰ ਗਿਆ ਸੀ'' (11:44), ਕਬਰ ਤੋਂ ਬਾਹਰ ਆਇਆ, ਅਜੇ ਵੀ ਉਸ ਦੀ ਦੇਹ, ਕਫ਼ਨ ਨਾਲ ਲਪੇਟੀ ਹੋਈ ਸੀ। ਯਿਸੂ ਨੇ ਕੋਲ਼ ਖਲੋਤੇ ਲੋਕਾਂ ਨੂੰ ਹੁਕਮ ਦਿੱਤਾ, ''ਉਹ ਨੂੰ ਖੋਲ੍ਹੋ ਅਤੇ ਜਾਣ ਦਿਓ'' (11:44)। ਲਾਜ਼ਰ ਜ਼ਿੰਦਾ ਹੋ ਚੁਕਾ ਸੀ, ਯਿਸੂ ਨੇ ਫੇਰ ਵਿਖਾ ਦਿੱਤਾ ਸੀ ਕਿ ਉਸ ਦਾ ਦਾਅਵਾ ਸੱਚਾ ਹੈ ਅਤੇ ਖ਼ੁਦਾ ਦੀ ਵਡਿਆਈ ਹੋਰ ਸ਼ਾਨਦਾਰ ਢੰਗ ਨਾਲ ਜ਼ਾਹਿਰ ਹੋਈ! ਸਾਡੀ ਉਮੀਦ ਅਨੁਸਾਰ ਇਸ ਦਾ ਨਤੀਜਾ ਇਹ ਨਿਕਲਿਆ ਕਿ ਇਨ੍ਹਾਂ ਘਟਨਾਵਾਂ ਨੂੰ ਵੇਖਣ ਵਾਲੇ ਬਹੁਤ ਸਾਰੇ ਲੋਕਾਂ ਨੇ ਉਸ ਦਿਨ ਯਿਸੂ ਵਿਚ ਵਿਸ਼ਵਾਸ ਕੀਤਾ (11:45)।

## ਚੰਗੀ ਖਬਰ ਅਤੇ ਅਸੀਂ

ਲਾਜ਼ਰ ਦੀ ਕਬਰ ਤੇ ਯਿਸੂ ਦੀ ਕਹਾਣੀ ਸਾਨੂੰ ਮੌਤ ਦੇ ਡਰ ਦਾ ਸਾਹਮਣਾ ਕਰਨ ਵਿਚ ਮਦਦ ਕਰਦੀ ਹੈ। ਜੋ ਕੁਝ ਯਿਸੂ ਨੇ ਉਸ ਸਮੇਂ ਕੀਤਾ ਅਤੇ ਅੱਜ ਤਕ ਕਰਦਾ ਆਇਆ ਹੈ, ਉਸ ਨਾਲ ਸਾਨੂੰ ਇਸ ਜੀਵਨ ਵਿਚ ਖੁਸ਼ ਹੋਣ ਲਈ ਮੌਤ ਦੀ ਹਕੀਕਤ ਦਾ ਇਨਕਾਰ ਕਰਨ ਦੀ ਲੋੜ ਨਹੀਂ ਹੈ। ਮਸੀਹੀ ਹੋਣ ਕਰਕੇ, ਅਸੀਂ ਇਸ ਮੌਤ ਤੋਂ ਭੱਜਦੇ ਨਹੀਂ ਸਗੋਂ ਇਸ ਦਾ ਸਾਹਮਣਾ ਕਰਦੇ ਹਾਂ। ਅਸੀਂ ਇਹ ਬਹਾਨਾ ਨਹੀਂ ਬਣਾਉਂਦੇ ਕਿ ਸਾਡੇ ਤੇ ਮੌਤ ਨਹੀਂ ਆਏਗੀ,

ਸਗੋਂ ਇਸ ਸੰਸਾਰ ਵਿਚ ਇਹ ਐਲਾਨ ਕਰਦੇ ਹਾਂ ਕਿ ਸਾਨੂੰ ਇਸ ਦਾ ਜਵਾਬ ਮਿਲ ਗਿਆ ਹੈ। ਇਹ ਨਵਾਂ ਵਿਹਾਰ ਪੌਲੁਸ ਦੇ ਲੇਖਾਂ ਨਾਲ ਹੇਠਲੀਆਂ ਦੋ ਉਦਾਹਰਨਾਂ ਵਿਚ ਮਿਲਦਾ ਹੈ:

> ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ *ਮੌਤ,* ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ। ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਓਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੂ ਵਿਚ ਸਾਨੂੰ ਅੱਡ ਕਰ ਸੱਕੇਗੀ (ਰੋਮੀਆਂ 8:38, 39)।

> ਇਹ ਨਾਸਵਾਨ ਅਵਿਨਾਸ ਨੂੰ ਅਤੇ ਇਹ ਮਰਨਹਾਰ ਅਮਰਤਾ ਨੂੰ ਉਦਾਲੇ ਪਾ ਚੁੱਕੇਗਾ ਤਾਂ ਉਹ ਗੱਲ ਜਿਹੜੀ ਲਿਖੀ ਹੋਈ ਹੈ ਪੂਰੀ ਹੋ ਜਾਵੇਗੀ, *ਮੌਤ ਫ਼ਤਹਿ ਦੀ ਬੁਰਕੀ ਹੋ ਗਈ।*
> *ਹੇ ਮੌਤ, ਤੇਰੀ ਫ਼ਤਹਿ ਕਿੱਥੇ ਹੈ? ਹੇ ਮੌਤ, ਤੇਰਾ ਡੰਗ ਕਿੱਥੇ ਹੈ?* (1 ਕੁਰਿੰਥੀਆਂ 15:54, 55)।

ਮੌਤ ਜ਼ਿੰਦਗੀ ਦੀ ਹਕੀਕਤ ਹੈ। ਇਸ ਲਈ ਅਸੀਂ ਖ਼ੁਦਾ ਦਾ ਸ਼ੁਕਰ ਕਰ ਸਕਦੇ ਹਾਂ ਕਿ ਮਸੀਹੀਅਤ ਕੋਲ ਮੌਤ ਦਾ ਜਵਾਬ ਹੈ। ਇਹ ਗਿਆਨ ਕਿ ਯਿਸੂ ਜੀ ਉੱਠਣ ਅਤੇ ਜ਼ਿੰਦਗੀ ਹੈ, ਸਾਨੂੰ ਅਸਲੀ ਸੰਸਾਰ ਵਿਚ ਸ਼ਾਂਤੀ ਅਤੇ ਅਨੰਦ ਪਾਉਣ ਦੇ ਯੋਗ ਬਣਾਉਂਦਾ ਹੈ। ਮੌਤ ਦੇ ਭੈ ਦਾ ਸਾਹਮਣਾ ਕਰਨ ਦੇ ਬਾਵਜੂਦ ਅਸੀਂ ਇਸ ਜੀਵਨ ਵਿਚ ਸੱਚਾ ਅਨੰਦ ਪਾ ਸਕਦੇ ਹਾਂ।

ਸਤ੍ਹਾਰਵੀਂ ਸਦੀ ਦੇ ਕਵੀ ਅਤੇ ਪ੍ਰਚਾਰਕ ਜੌਨ ਡੌਨ ਨੇ ਜ਼ਿੰਦਗੀ ਅਤੇ ਮੌਤ ਦੇ ਅਹਿਮ ਮੁੱਦਿਆਂ ਤੇ ਆਪਣੇ ਮਨ ਅਤੇ ਆਤਮਾ ਨੂੰ ਅਨੁਸ਼ਾਸ਼ਿਤ ਕਰਨ ਲਈ ਕਫ਼ਣ ਵਿਚ ਸੌਣ ਲਈ ਇਕ ਸਮਾਂ ਚੁਣਿਆ ਸੀ। ਕੁਝ ਸਾਲ ਪਹਿਲਾਂ ਮੈਂ ਵੀ ਕੁਝ ਅਜਿਹਾ ਹੀ ਕੀਤਾ। ਦਫ਼ਤਰ ਕੋਲ ਲਗਾਤਾਰ ਰੌਲਾ ਅਤੇ ਲੋਕਾਂ ਦੀ ਆਵਾਜਾਈ ਕਰਕੇ ਅਧਿਐਨ ਅਤੇ ਦੁਆ ਲਈ ਪੂਰਾ ਸਮਾਂ ਨਾ ਮਿਲਣ ਕਰਕੇ, ਮੈਂ ਆਪਣੀ ਮੁਸ਼ਕਿਲ ਇਕ ਚੰਗੇ ਦੋਸਤ ਨੂੰ ਦੱਸੀ ਜੋ ਸਥਾਨਕ ਕਬਰਸਤਾਨ ਦਾ ਮਾਲਕ ਹੈ। ਥੋੜ੍ਹੀ ਦੇਰ ਬਾਅਦ ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਮੇਰੀ ਮੁਸ਼ਕਿਲ ਦਾ ਹੱਲ ਕੱਢਿਆ ਹੈ। ਤੁਸੀਂ ਮੇਰੀ ਹੈਰਾਨੀ ਦਾ ਅੰਦਾਜ਼ਾ ਲਾ ਕਰ ਸਕਦੇ ਹੋ ਜਦ ਉਹ ਮੈਨੂੰ ਕਬਰਸਤਾਨ ਦੀ ਦੂਜੀ ਮੰਜ਼ਿਲ ਤੇ ਲੈ ਗਿਆ ਅਤੇ ਮੈਨੂੰ ਉਹ ਥਾਂ ਵਿਖਾਉਣ ਲੈਗਾ ਜਿੱਥੇ ਉਸ ਨੇ ਮੇਰੇ ਅਧਿਐਨ ਲਈ ਇਕ ਛੋਟਾ ਜਿਹਾ ਥਾਂ ਬਣਾਇਆ ਸੀ ਜੋ ਕਫ਼ਨਾਂ ਦੇ ਗੁਦਾਮ ਦੇ ਮਗਰਲੇ ਪਾਸੇ ਇਕ ਨੁੱਕਰੇ ਸੀ! ਇਹ ਮੇਰੇ ਲਈ ਹੁਣ ਤਕ ਮਿਲਣ ਵਾਲੇ ਸਭ ਤੋਂ ਖ਼ਤਰਨਾਕ ਤੋਹਫ਼ਿਆਂ ਵਿੱਚੋਂ ਇਕ ਸੀ ਅਤੇ ਸ਼ਹਿਰ ਵਿਚ ਇਕ ਅਜਿਹੀ ਥਾਂ ਬਣ ਗਿਆ ਜਿੱਥੇ ਮੈਂ ਸਭ ਤੋਂ ਅਲਹਿਦਾ ਜਾ ਕੇ ਅਧਿਐਨ, ਮਨਨ ਅਤੇ ਦੁਆ ਵਿਚ ਸਮਾਂ ਬਿਤਾ ਸਕਦਾ ਸਾਂ (ਕਿਉਂਕਿ ਕੋਈ ਮੈਨੂੰ ਕਫ਼ਨਾਂ ਦੇ ਗੁਦਾਮ ਵਿਚ ਆਣ ਕੇ ਪਰੇਸ਼ਾਨ ਕਰਨ ਵਾਲਾ ਨਹੀਂ!) ਉਹਦੇ ਬਾਅਦ ਮੈਂ ਅਕਸਰ ਹੈਰਾਨ ਹੁੰਦਾ ਹਾਂ ਕਿ ਸ਼ਾਇਦ ਸਾਰੇ ਉਪਦੇਸ਼ ਕਿਸੇ ਕਬਰਸਤਾਨ ਵਿਚ ਜ਼ਿੰਦਗੀ ਦੀ ਸਭ ਤੋਂ ਔਖੀ ਹਕੀਕਤ ਦੇ ਸਾਏ ਵਿਚ ਲਿਖੇ ਜਾਣੇ ਚਾਹੀਦੇ ਹਨ। ਲਾਸ਼ਾਂ ਤੇ ਲੱਗੇ ਖੁਸ਼ਬੂਦਾਰ ਇਤਰਾਂ ਅਤੇ ਕਫ਼ਨਾਂ ਨਾਲ ਭਰੇ ਕਮਰੇ ਵਿੱਚੋਂ ਲੰਘਦਿਆਂ, ਮੈਨੂੰ ਯਾਦ ਆਉਂਦਾ ਸੀ ਕਿ ਮੇਰਾ ਮਕਸਦ ਲੋਕਾਂ ਨੂੰ ਅਰਾਮਦਾਇਕ ਜ਼ਿੰਦਗੀ ਗੁਜ਼ਾਰਨ ਲਈ ਅਗਵਾਈ ਦੇਣਾ ਨਹੀਂ ਬਲਕਿ ਉਨ੍ਹਾਂ ਨੂੰ ਜੀ ਉੱਠਣ ਦੇ ਰਾਹ ਵਿਚ ਆਉਣ ਵਾਲੇ ਮਾਤਮ ਨੂੰ ਵਿਖਾਉਣਾ ਹੈ। ਇਹ ਸਿਰਫ਼ ਉਨ੍ਹਾਂ ਨੂੰ ਸੰਸਾਰ

ਦੇ ਦਬਾਵਾਂ ਅਤੇ ਫ਼ਿਕਰਾਂ ਦਾ ਸਾਹਮਣਾ ਕਰਨ ਵਿਚ ਮਦਦ ਕਰਨਾ ਨਹੀਂ ਬਲਕਿ ਖ਼ੁਦਾ ਨਾਲ ਦੇ ਮਿਲਣ ਲਈ ਤਿਆਰ ਕਰਨਾ ਹੈ (ਆਮੋਸ 4:12)।

## ਸਾਰ

ਕੀ ਤੁਸੀਂ ਕਦੇ ਕੋਈ ਭੇਦ ਭਰੀ ਕਿਤਾਬ ਪੜ੍ਹੀ ਹੈ ਜਾਂ ਸਸਪੈਂਸ ਵਾਲੀ ਫ਼ਿਲਮ ਵੇਖੀ ਹੈ ਜਿਸ ਤੋਂ ਸਹਿਮ ਕੇ ਤੁਹਾਨੂੰ ਕੰਬਣੀ ਲੱਗ ਗਈ ਹੋਵੇ? ਕੀ ਤੁਸੀਂ ਉਹੀ ਕਿਤਾਬ ਫੇਰ ਪੜ੍ਹੀ ਜਾਂ ਉਹੀ ਫ਼ਿਲਮ ਦੁਬਾਰਾ ਵੇਖੀ ਹੈ? ਦੂਜੀ ਵਾਰ ਤੁਹਾਡਾ ਜਵਾਬ ਕੀ ਸੀ? ਜਦ ਮੈਂ ਅਜਿਹਾ ਕਰਦਾ ਹਾਂ, ਤਾਂ ਮੈਂ ਦੂਜੀ ਵਾਰ ਬੇਫ਼ਿਕਰ ਹੋ ਸਕਦਾ ਹਾਂ ਅਤੇ ਹੀਰੋ ਦੀਆਂ ਮੁਸ਼ਕਿਲਾਂ ਨੂੰ ਅਤੇ ਉਹਦੇ ਸਾਹਮਣੇ ਆਉਣ ਵਾਲੇ ਖ਼ਤਰਿਆਂ ਨੂੰ ਫ਼ਰਕ ਢੰਗ ਨਾਲ ਵੇਖ ਸਕਦਾ ਹਾਂ ਕਿ ਅਖ਼ੀਰ ਵਿਚ ਸਭ ਠੀਕ ਹੋ ਜਾਵੇਗਾ।

ਬੈਤਨੀਆ ਦੇ ਨੇੜੇ ਲਾਜ਼ਰ ਦੇ ਕਬਰ ਚੋਂ ਬਾਹਰ ਆਉਣ ਨਾਲ ਉਹਨੇ ਵਿਖਾ ਦਿੱਤਾ ਕਿ ਸਾਡੀਆਂ ਆਪਣੀਆਂ ਕਹਾਣੀਆਂ ਦਾ ਅੰਤ ਕੀ ਹੋਵੇਗਾ। ਇਹ ਸਹੀ ਹੈ ਕਿ ਜਦ ਤਕ ਪ੍ਰਭੂ ਛੇਤੀ ਵਾਪਸ ਨਹੀਂ ਆਉਂਦਾ, ਤਦ ਤਕ ਸਾਨੂੰ ਸਭ ਨੂੰ ਮੌਤ ਦਾ ਸਵਾਦ ਚੱਖਣਾ ਹੀ ਪਵੇਗਾ। ਪਰ ਜੀ ਉੱਠਣ ਅਤੇ ਜ਼ਿੰਦਗੀ ਯਿਸੂ ਹੀ ਹੈ, ਇਸ ਲਈ ਅਸੀਂ ਮੌਤ ਨੂੰ ਫ਼ਰਕ ਤਰੀਕੇ ਨਾਲ ਵੇਖਦੇ ਹਾਂ। ਸਾਡੀਆਂ ਦੇਹਾਂ ਭਾਵੇਂ ਇਕ ਦਿਨ ਕਬਰ ਵਿਚ ਰੱਖੀਆਂ ਜਾਣੀਆਂ ਹਨ, ਪਰ ਸਾਨੂੰ ਪਤਾ ਹੈ ਕਿ ਇਕ ਦਿਨ ਅਸੀਂ ਜੀ ਉੱਠਾਂਗੇ! ਹਾਸੇ ਦੀ ਗੱਲ ਇਹ ਹੈ ਕਿ ਅਸਲ ਵਿਚ ਜ਼ਿੰਦਗੀ ਦੀ ਸਾਡੀ ਤਿਆਰੀ ਉਦੋਂ ਹੀ ਸ਼ੁਰੂ ਹੁੰਦੀ ਹੈ ਜਦ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਮੌਤ ਦੀ ਮੁਸ਼ਕਿਲ ਦਾ ਜਵਾਬ ਹੈ!

---

ਟਿੱਪਣੀਆਂ

[1]ਮਾਰਥਾ ਦੇ ਇਕਰਾਰ ਲਈ ਸਾਈਡ ਨੋਟ ਦੇ ਰੂਪ ਵਿਚ, ਲਿਓਨ ਮੌਰਿਸ (*ਦਿ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ* [ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਊਸ, 1986], 551) ਨੇ ਧਿਆਨ ਦਿੱਤਾ ਕਿ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਮਾਰਥਾ ਨੂੰ ਲੋਕ ਐਨੇ ਚੰਗੇ ਇਕਰਾਰ ਦੇ ਬਾਵਜੂਦ ਰੁੱਝੇ ਹੋਣ ਲਈ ਬਹੁਤਾ ਜਾਣਦੇ ਹਨ (ਲੂਕਾ 10:41)।